X-3/2110 7562/NL

# ਪੰਜਾਬੀ ਲਾਜ਼ਮੀ- 500

## ਸਮੈਸਟਰ- ਪੰਜਵਾਂ

Time :- 3 Hours M.Marks :-60

---

### ਭਾਗ ੳ

**i. ਹੇਠਾਂ ਦਿੱਤੇ ਪਹਿਲੇ ਤਿੰਨ ਸਵਾਲਾਂ ਵਿਚੋਂ ਕੋਈ ਇਕ ਕਰਨਾ ਹੈ। ਇਹ ਸਵਾਲ ਵੱਡਾ ਹੈ ਅਤੇ 10 ਨੰ. ਦਾ ਹੈ।**
**ii. ਸਵਾਲ ਨੰ. 4 ਤੇ 8 ਵਿਚੋਂ ਕੋਈ ਦੋ ਕਰਨੇ ਹਨ। ਇਹ ਸਵਾਲ ਛੋਟੇ ਹਨ ਅਤੇ ਇਕ ਸਵਾਲ 04 ਨੰ. ਦਾ ਹੈ।**

1. 'ਲੋਕ ਸਾਹਿਤ ਦੀ ਸਿਰਜਣ ਪ੍ਰਕਿਰਿਆ' ਲੇਖ ਵਿਚ ਪੇਸ਼ ਕੇਂਦਰੀ ਵਿਸ਼ੇ ਨੂੰ ਮਿਸਾਲਾਂ ਦੇ ਕੇ ਵਿਚਾਰੋ।
2. ਜੀਤ ਸਿੰਘ ਜੋਸ਼ੀ ਦੇ ਲੇਖ 'ਪੰਜਾਬ ਦੀਆਂ ਲੋਕ ਕਲਾਵਾਂ' ਦਾ ਸਾਰ ਆਪਣੇ ਸ਼ਬਦਾਂ ਵਿਚ ਲਿਖੋ।
3. 'ਪੰਜਾਬੀ ਲੋਕਾਂ ਦੀਆਂ ਰਹੁ-ਰੀਤਾਂ, ਵਿਸ਼ਵਾਸ ਅਤੇ ਭਰਮ' ਲੇਖ ਵਿਚ ਪੇਸ਼ ਵਿਚਾਰਾਂ ਨੂੰ ਸੂਤਰਿਤ ਰੂਪ ਵਿਚ ਵਿਚਾਰੋ।

1x10=10

4. 'ਲੋਕਧਾਰਾ : ਪਰਿਭਾਸ਼ਾ ਅਤੇ ਲੱਛਣ' ਲੇਖ ਵਿਚ ਪੇਸ਼ ਮੁਖ ਵਿਚਾਰ ਨੂੰ ਮਿਸਾਲ ਦੇ ਕੇ ਲਿਖੋ।
5. 'ਲੋਕਧਾਰਾ : ਪਰਿਭਾਸ਼ਾ ਅਤੇ ਲੱਛਣ' ਲੇਖ ਵਿਚ ਲੇਖਕ ਪਰਿਵਰਤਨ ਨੂੰ ਲੋਕਧਾਰਾ ਦਾ ਪ੍ਰਭਾਵੀ ਲੱਛਣ ਕਿਉਂ ਕਹਿੰਦਾ ਹੈ? ਮਿਸਾਲ ਦੇ ਕੇ ਸਪੱਸ਼ਟ ਕਰੋ।
6. 'ਲੋਕਧਾਰਾ : ਪਰਿਭਾਸ਼ਾ ਅਤੇ ਲੱਛਣ' ਲੇਖ ਵਿਚ ਲੇਖਕ 'ਪ੍ਰਬੰਧਕਤਾ' ਨੂੰ 'ਲੋਕਧਾਰਾ ਦਾ ਵਿਸ਼ੇਸ਼ ਲੱਛਣ' ਕਿਉਂ ਕਹਿੰਦਾ ਹੈ? ਮਿਸਾਲ ਦੇ ਕੇ ਵਿਚਾਰੋ।
7. 'ਲੋਕਧਾਰਾ : ਪਰਿਭਾਸ਼ਾ ਅਤੇ ਲੱਛਣ' ਲੇਖ ਵਿਚ ਲੇਖਕ ਨੇ Folklore ਸ਼ਬਦ ਲਈ ਪੰਜਾਬੀ ਵਿਚ ਲੋਕਧਾਰਾ ਸ਼ਬਦ ਸਭ ਤੋਂ ਪ੍ਰਮਾਣਿਕ ਕਿਉਂ ਕਿਹਾ ਹੈ?
8. 'ਲੋਕਧਾਰਾ : ਪਰਿਭਾਸ਼ਾ ਅਤੇ ਲੱਛਣ' ਲੇਖ ਵਿਚ ਲੇਖਕ ਲੋਕਧਾਰਾ ਦੀ ਸਭਤੋਂ ਪ੍ਰਮਾਣਿਕ ਪਰਿਭਾਸ਼ਾ ਕਿਹੜੀ ਮੰਨਦਾ ਹੈ ਅਤੇ ਕਿਉਂ?

2x04=08

### ਭਾਗ ਅ

9. ਹੇਠ ਲਿਖੇ ਲਿਖੇ ਲੇਖਾਂ ਵਿਚੋਂ ਕਿਸੇ ਇਕ ਲੇਖ ਨੂੰ ਵਿਸਥਾਰ ਵਿਚ ਵਿਚਾਰੋ:
   ਲੋਹੜੀ ਦਾ ਤਿਓਹਾਰ, ਨਿਗਾਹਾ ਮੇਲਾ, ਛਪਾਰ ਦਾ ਮੇਲਾ।

1x10=10

### ਭਾਗ ੲ

10. ਨਾਉਂ ਵਾਕਾਂਸ਼ ਦੀ ਪਰਿਭਾਸ਼ਾ ਦਿੰਦੇ ਹੋਏ ਇਸ ਵਿਚ ਤੱਤਾਂ ਦੀ ਤਰਤੀਬ ਬਾਰੇ ਮਿਸਾਲਾਂ ਦੇ ਕੇ ਬਾਰੇ ਵਿਸਥਾਰ ਵਿਚ ਵਿਚਾਰ ਪੇਸ਼ ਕਰੋ।

ਜਾਂ

ਕਿਰਿਆ ਵਾਕਾਂਸ਼ ਨੂੰ ਪਰਿਭਾਸ਼ਿਤ ਕਰਦੇ ਹੋਏ ਇਸ ਦੇ ਵਿਭਿੰਨ ਕਿਸਮਾਂ ਨੂੰ ਮਿਸਾਲਾਂ ਦੇ ਕੇ ਵਿਚਾਰੋ।

1x12=12

11. **ਹੇਠ ਲਿਖੇ ਸਾਰੇ ਪ੍ਰਸ਼ਨਾਂ ਦੇ ਸੰਖੇਪ ਵਿਚ ਜਵਾਬ ਦਿਉ:**
   i. ਨਾਹਰ ਸਿੰਘ ਨੇ ਕਲਾਸੀਕਲ ਨਾਚਾਂ ਅਤੇ ਲੋਕ-ਨਾਚਾਂ ਵਿਚਲੇ ਅੰਤਰ ਨੂੰ ਕਿਹੜੇ ਪ੍ਰਮੁਖ ਆਧਾਰ 'ਤੇ ਨਿਖੇੜਿਆ ਹੈ?
   ii. ਨਾਹਰ ਸਿੰਘ ਨੇ ਆਦਿਮ-ਨਾਚ ਦਾ ਪ੍ਰਮੁਖ ਲੱਛਣ ਕੀ ਮੰਨਿਆ ਹੈ ਅਤੇ ਕਿਉਂ? ਦੋ ਸਤਰਾਂ ਵਿਚ ਕਹੋ।
   iii. ਡਾ. ਗੁਰਮੀਤ ਸਿੰਘ ਦੇ ਲੇਖ 'ਲੋਕਧਾਰਾ : ਵਰਤਮਾਨ ਸੰਦਰਭ' ਦੇ ਕੇਂਦਰੀ ਭਾਵ ਨੂੰ ਸੰਖੇਪ ਵਿਚ ਲਿਖੋ?
   iv. ਬਲਵਿੰਦਰ ਗਰੇਵਾਲ ਨੇ ਆਪਣੇ ਲੇਖ ਵਿਚ ਮੋੜ੍ਹੀ ਗੱਡਣ ਦਾ ਜ਼ਿਕਰ ਕਿਹੜੇ ਅਰਥਾਂ ਵਿਚ ਕੀਤਾ ਹੈ?
   v. 'ਗਰਾਮ ਦਿਉਤੇ' ਲੇਖ ਵਿਚ ਲੇਖਕ ਕਿੰਨੇ ਪ੍ਰਕਾਰ ਦੇ ਦਿਉਤਿਆਂ ਦਾ ਜ਼ਿਕਰ ਕਰਦਾ ਹੈ? ਨਾਮ ਵੀ ਲਿਖੋ।
   vi. ਦੇਵਿੰਦਰ ਸਤਿਆਰਥੀ ਲੋਕ-ਗੀਤ ਦੇ ਜਨਮ ਦਾ ਮੁਖ ਕਾਰਨ ਕੀ ਮੰਨਦਾ ਹੈ ਅਤੇ ਕਿਉਂ? ਮਿਸਾਲ ਦੇ ਕੇ ਵਿਚਾਰੋ।
   vii. ਨਾਂਵ ਵਾਕੰਸ਼ ਦੀ ਸਥਾਪਤੀ ਦੇ ਆਧਾਰ ਨੂੰ ਮਿਸਾਲ ਦੇ ਕੇ ਵਿਚਾਰੋ।
   viii. ਵਾਕ ਵਿਚ ਨਾਂਵ ਵਾਕੰਸ਼ ਦਾ ਕਾਰਜੀ ਤੱਤ ਕਿਹੜੇ ਹਨ? ਸੰਖੇਪ ਵਿਚ ਵਿਚਾਰੋ।
   ix. ਕਾਲਕੀ ਕਿਰਿਆ ਵਾਕੰਸ਼ ਦੀ ਬਣਤਰ ਦੇ ਤੱਤ ਨੂੰ ਮਿਸਾਲ ਦੇ ਕੇ ਸਪੱਸ਼ਟ ਕਰੋ।
   x. ਕਿਰਿਆ ਵਾਕੰਸ਼ ਦੀ ਪਛਾਣ ਦੇ ਮੁਖ ਆਧਾਰ ਨੂੰ ਮਿਸਾਲ ਨਾਲ ਸਮਝਾਓ।

10x2=20

---